ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਬਜਟ-1-ਸ਼ਾਖਾ)

ਜ਼ਰੂਰੀ
ਵਿੱਤੀ ਮਾਮਲਾ

ਸੇਵਾ ਵਿਖੇ,

ਸਮੂਹ ਜਿਲ੍ਹਾ ਖਜਾਨਾ ਅਫਸਰ/ਖਜਾਨਾ ਅਫਸਰ ।
ਪੰਜਾਬ ਰਾਜ ਵਿੱਚ ।

ਮੀਮੋ ਨੰ:-8/1/2016-5ਵਿਬ1/1281907/1
ਮਿਤੀ,ਚੰਡੀਗੜ੍ਹ: 26/7/18

ਵਿਸ਼ਾ:- ਏ.ਸੀ ਬਿਲਾਂ ਰਾਹੀਂ ਕੱਢਵਾਈ ਗਈ ਰਾਸ਼ੀ ਦੇ ਡੀ.ਸੀ ਬਿਲ ਸਬਮਿੱਟ ਕਰਨ ਦੇ ਸਬੰਧ ਵਿੱਚ ਸਪਸ਼ਟੀਕਰਨ ਜਾਰੀ ਕਰਨ ਬਾਰੇ ।

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਵਿੱਤ ਵਿਭਾਗ ਦੇ ਪੱਤਰ ਨੰ:8/1/2016-5ਵਿਬ1/875356/1 ਮਿਤੀ 11-11-2016 ਵੱਲ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਰਾਹੀਂ ਸਮੂਹ ਵਿਭਾਗਾਂ ਨੂੰ ਹੇਠ ਲਿਖੇ ਅਨੁਸਾਰ ਸੂਚਿਤ ਕੀਤਾ ਗਿਆ ਸੀ:-

> " ਮੈਨੂੰ ਉਪਰੋਕਤ ਵਿਸ਼ੇ ਤੇ ਵਿੱਤ ਵਿਭਾਗ ਦੇ ਪੱਤਰ ਨੰ:-8/1/2016-5ਵਿਬ1/875356/1 ਮਿਤੀ 11-11-2016 ਦੀ ਲਗਾਤਾਰਤਾ ਵਿੱਚ ਪੈਰਾ 8(ਸੀ) ਦੇ ਸਬੰਧ ਵਿੱਚ ਇਹ ਲਿਖੱਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਖਜਾਨਾ ਨਿਯਮਾਂਵਲੀ ਭਾਰ-1 ਜਿਲਦ-1 ਦੇ ਨਿਯਮ 274 ਹੇਠ ਦਰਜ ਨੋਟ-4 ਨੂੰ ਨਿਯਮ 2 ਸੈਕਸ਼ਨ 1 ਨਾਲ ਪੜਦੇ ਹੋਏ ਅਤੇ ਪੰਜਾਬ ਵਿੱਤੀ ਨਿਯਮਾਂਵਲੀ ਭਾਗ-1 ਜਿਲਦ-1 ਦੇ ਨਿਯਮ 8.8 (ਬੀ) ਹੇਠ ਦਰਜ ਨੋਟ 5 ਨੂੰ ਨਿਯਮ 1.1 ਨਾਲ ਪੜਦੇ ਹੋਏ ਇਨ੍ਹਾਂ ਨਿਯਮਾਂ ਵਿੱਚ ਢਿੱਲ ਦਿੰਦੇ ਹੋਏ ਏ.ਸੀ ਬਿਲਾਂ ਰਾਹੀਂ ਕੱਢਵਾਈ ਗਈ ਰਾਸ਼ੀ ਦੇ ਡੀ.ਸੀ ਬਿੱਲਾਂ ਨੂੰ ਇੱਕ ਮਹੀਨੇ ਦੀ ਥਾਂ ਤੇ ਛੇ ਮਹੀਨੇ ਵਿੱਚ ਸਬਮਿੱਟ ਕਰਨ ਦੀ ਛੋਟ ਦਿੱਤੀ ਜਾਂਦੀ ਹੈ ।"

2. ਇਹ ਦੇਖਿਆ ਗਿਆ ਅਤੇ ਮਹਾਂਲੇਖਾਕਾਰ ਪੰਜਾਬ ਵਲੋਂ ਵੀ ਇਸ ਵੱਲ ਧਿਆਨ ਖਿਚਿਆ ਗਿਆ ਹੈ ਕਿ ਬਹੁਤੇ ਵਿਭਾਗ ਪਿਛਲੇ ਏ.ਸੀ ਬਿੱਲਾਂ ਦੇ ਡੀ.ਸੀ ਬਿਲ ਸਬੰਧਤ ਧਿਰਾਂ ਨੂੰ ਪੇਸ਼ ਕਰਨ ਤੋਂ ਬਗੈਰ ਹੀ ਖਜਾਨੇ ਵਿੱਚ ਅਗਲੇ ਏ.ਸੀ ਬਿਲ ਪੇਸ ਕਰ ਦਿੰਦੇ ਹਨ ਅਤੇ ਸਬੰਧਤ ਖਜਾਨਾ ਅਫਸਰ ਵੀ ਲੋੜੀਂਦੇ ਡੀ.ਸੀ ਬਿਲ ਲੈਣ ਤੋਂ ਬਗੈਰ ਹੀ ਫੰਡਜ ਰਲੀਜ ਕਰ ਦਿੰਦੇ ਹਨ । ਅਜਿਹਾ ਕਰਨ ਨਾਲ ਵਿੱਤੀ ਨਿਯਮਾਂ ਦੀ ਉਲੰਘਣਾ ਹੁੰਦੀ ਹੈ ਅਤੇ ਸਬੰਧਤ ਵਿੱਤੀ ਨਿਯਮਾਂ ਅਨੁਸਾਰ ਅਗਲੇਂ ਏ.ਸੀ ਬਿੱਲਾਂ ਦੇ ਫੰਡਜ ਉੱਦੋਂ ਹੀ ਰਲੀਜ ਹੋਣੇ ਚਾਹੀਦੇ ਹਨ ਜਿਸ ਵਕੱਤ ਪਿੱਛਲੇ ਏ.ਸੀ ਬਿੱਲਾਂ ਦੇ ਡੀ.ਸੀ ਬਿਲ ਖਜਾਨਾ ਅਫਸਰ/ਮਹਾਂਲੇਖਾਕਾਰ, ਪੰਜਾਬ ਨੂੰ ਪੇਸ਼ ਕਰ ਦਿੱਤੇ ਗਏ ਹੋਣ ।

3. ਇਹ ਮਾਮਲਾ ਕਾਫੀ ਚਿਰ ਤੋਂ ਸਰਕਾਰ ਦੇ ਵਿਚਾਰ ਅਧੀਨ ਸੀ ਅਤੇ ਡੂੰਘਾ ਵਿਚਾਰ ਕਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਕਿਸੇ ਵੀ ਸਬੰਧਤ ਵਿਭਾਗ ਦੇ ਉਸ ਮੁੱਖ ਮੱਦ ਦੇ ਏ.ਸੀ ਬਿੱਲਾਂ ਦੇ ਵਿਰੁੱਧ ਫੰਡਜ ਰਲੀਜ ਨਾ ਕੀਤੇ ਜਾਣ ਜਿਨ੍ਹਾਂ ਚਿਰ ਤੱਕ ਉਸ ਮੁੱਖ ਮੱਦ ਅਧੀਨ ਏ.ਸੀ ਬਿੱਲਾਂ ਰਾਹੀਂ ਰਲੀਜ ਕੀਤੇ ਗਏ ਫੰਡਜ ਦੇ ਡੀ.ਸੀ ਬਿਲ ਵਿੱਤ ਵਿਭਾਗ ਦੀਆਂ ਹਦਾਇਤਾਂ ਪੱਤਰ ਨੰ:8/1/2016-5ਵਿਬ1/875356/1 ਮਿਤੀ 11-11-2016 ਦੇ ਅਨੁਸਾਰ ਸਬੰਧਤ ਖਜਾਨਾ ਅਫਸਰ/ਮਹਾਂਲੇਖਾਕਾਰ ਪੰਜਾਬ ਨੂੰ ਪੇਸ਼ ਨਹੀਂ ਕੀਤੇ ਜਾਂਦੇ।

Scanned by CamScanner

4. ਸਬੰਧਤ ਖਜਾਨਾ ਅਫਸਰ ਇਸ ਗੱਲ ਨੂੰ ਯਕੀਨੀ ਬਨਾਉਣਗੇ ਕੀ ਸਬੰਧਤ ਵਿਭਾਗ ਵਲੋਂ ਪਹਿਲਾਂ ਏ.ਸੀ ਬਿੱਲਾਂ ਰਾਹੀਂ ਕੱਢਵਾਈ ਗਈ ਰਾਸ਼ੀ ਦੇ ਵਿਰੁੱਧ ਜਦੋਂ ਤੱਕ ਡੀ.ਸੀ ਬਿਲ ਪੇਸ਼ ਨਹੀਂ ਕੀਤੇ ਜਾਂਦੇ ਤਾਂ ਅਗਲੇ ਏ.ਸੀ ਬਿਲ ਲਏ ਨਹੀਂ ਜਾਣਗੇ ।

5. ਇਨ੍ਹਾਂ ਹੁੱਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਹਰਵਿੰਦਰ ਸਿੰਘ
(ਹਰਵਿੰਦਰ ਸਿੰਘ)
ਬਜਟ ਅਫਸਰ

ਇਸ ਦਾ ਇੱਕ ਉਤਾਰਾ ਮੁੱਖ ਸਕੱਤਰ, ਪੰਜਾਬ ਸਰਕਾਰ,ਸਮੂਹ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਹਰਵਿੰਦਰ ਸਿੰਘ
(ਹਰਵਿੰਦਰ ਸਿੰਘ)
ਬਜਟ ਅਫਸਰ

ਸੇਵਾ ਵਿਖੇ,

1. ਮੁੱਖ ਸਕੱਤਰ, ਪੰਜਾਬ ਸਰਕਾਰ ।
2. ਸਮੂਹ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ ।
3. ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ।
4. ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਅੰ.ਵਿ.ਪੱ.ਨੰ:-8/1/2016-5ਵਿਬ1/1281907/2-5 ਮਿਤੀ, ਚੰਡੀਗੜ੍ਹ 26/7/18

ਪਿੱ.ਅੰ.ਨੰ:-8/1/2016-5ਵਿਬ1/1281907/6 ਮਿਤੀ, ਚੰਡੀਗੜ੍ਹ 26/7/18

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,ਡਵੀਜਨਾਂ ਤੇ ਕਮਿਸ਼ਨਰ, ਸਮੂਹ ਡਿਪਟੀ ਕਮਿਸ਼ਨਰਜ, ਜਿਲ੍ਹਾ ਤੇ ਸ਼ੈਸ਼ਨ ਜੱਜ ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ।

ਹਰਵਿੰਦਰ ਸਿੰਘ
(ਹਰਵਿੰਦਰ ਸਿੰਘ)
ਬਜਟ ਅਫਸਰ

ਪਿੱ.ਅੰ.ਨੰ:-8/1/2016-5ਵਿਬ1/1281907/7 ਮਿਤੀ, ਚੰਡੀਗੜ੍ਹ 26/7/18

ਇੱਕ ਉਤਾਰਾ ਡਾਇਰੈਕਟਰ, ਖਜਾਨਾ ਤੇ ਲੇਖਾ, ਪੰਜਾਬ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ
(ਹਰਵਿੰਦਰ ਸਿੰਘ)
ਬਜਟ ਅਫਸਰ

ਪਿੱ.ਅੰ.ਨੰ:-8/1/2016-5ਵਿਬ1/1281907/8 ਮਿਤੀ, ਚੰਡੀਗੜ੍ਹ। 26/7/18

ਇੱਕ ਉਤਾਰਾ ਮਹਾਂਲੇਖਾਕਾਰ(ਲੇਖਾ ਅਤੇ ਹੱਕਦਾਰੀ), ਪੰਜਾਬ ਅਤੇ ਮਹਾਂਲੇਖਾਕਾਰ(ਆਡਿਟ), ਪੰਜਾਬ ਨੂੰ ਸੂਚਨਾ ਅਤੇ ਲੋੜੀਦੀਂ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ
(ਹਰਵਿੰਦਰ ਸਿੰਘ)
ਬਜਟ ਅਫਸਰ

Scanned by CamScanner